ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. ਡੀ.ਡੀ.ਐਮ.ਏ./ਕੋਵਿਡ/2020/1/28 ਮਿਤੀ: 07/04/2020

**ਹੁਕਮ**

ਜਦੋਂ ਕਿ ਮਿਤੀ 26/03/2020 ਦੇ ਹੁਕਮ ਸੰਖਿਆ ਡੀ.ਡੀ.ਐਮ.ਏ./ਕੋਵਿਡ/2020/1/3 ਰਾਹੀਂ ਦਿੱਲੀ ਦੇ ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਲਾਜ਼ਮੀ ਤੌਰ ਤੇ ਅਧਿਕਾਰਿਤ ਕੀਤਾ ਗਿਆ ਹੈ ਕਿ ਦਿੱਲੀ ਵਿਚ ਤਾਲਾਬੰਦੀ ਜਾਰੀ ਰਹਿਣ ਤੱਕ ਉਹ ਆਪਣੇ ਜ਼ਿਲ੍ਹਿਆਂ ਵਿਚ ਸਮਾਜ ਦੇ ਸਭ ਤੋਂ ਗ਼ਰੀਬ ਵਰਗਾਂ ਅਤੇ ਭੁੱਖ ਮੁਕਤ ਦਿੱਲੀ ਤੱਕ ਭੋਜਨ ਦੀ ਸਪਲਾਈ 'ਤੇ ਧਿਆਨ ਕੇਂਦ੍ਰਤ ਕਰਦਿਆਂ ਢੁਕਵੇਂ ਸਥਾਨਾਂ ਤੇ ਬੇਘਰ/ ਵਾਂਝੇ/ ਗਰੀਬ ਜਾਂ ਦੁਖੀ ਵਿਅਕਤੀਆਂ ਨੂੰ ਦੁਪਹਿਰ ਅਤੇ ਰਾਤ ਦੇ ਖਾਣੇ ਲਈ ਪੱਕਿਆ ਹੋਇਆ ਭੋਜਨ ਦੇਣ ਲਈ ਲੋੜੀਂਦੇ ਪ੍ਰਬੰਧ ਕਰਨਗੇ।

ਅਤੇ ਜਦੋਂ ਕਿ, ਮਿਤੀ 26/03/2020 ਦੇ ਉਪਰੋਕਤ ਹੁਕਮ ਅਧੀਨ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੇ ਸ਼ੁਰੂਆਤ ਵਿਚ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਆਉਣ ਵਾਲੀ 2 ਢੁੱਕਵੀਆਂ ਥਾਵਾਂ ਨੂੰ ਸੂਚਿਤ ਕੀਤੇ ਗਏ ਸਮੇਂ ਅਨੁਸਾਰ 500 ਭੋਜਨ ਰੋਜ਼ਾਨਾ ਦੋ ਵਾਰ (ਦੁਪਹਿਰ ਅਤੇ ਰਾਤ) ਦੇਣ ਲਈ ਭੋਜਨ ਕੇਂਦਰ/ ਭੁੱਖ ਰਾਹਤ ਕੇਂਦਰ ਵਜੋਂ ਤਿਆਰ ਕਰਵਾਇਆ ਹੈ।

ਅਤੇ ਜਦੋਂ ਕਿ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਨੇ ਮਿਤੀ 29/03/2020 ਦੇ ਹੁਕਮ ਰਾਹੀਂ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਅਤੇ ਰਾਜ/ਕੇਂਦਰ ਸ਼ਾਸਤ ਅਥਾਰਟੀਆਂ ਨੂੰ ਗਰੀਬਾਂ ਅਤੇ ਲੋੜਵੰਦਾਂ ਜਿਨ੍ਹਾਂ ਵਿਚ ਤਾਲਾਬੰਦੀ ਕਾਰਨ ਫਸੇ ਪ੍ਰਵਾਸੀ ਮਜ਼ਦੂਰ ਵੀ ਸ਼ਾਮਿਲ ਹਨ, ਲਈ ਆਪਣੇ ਆਪਣੇ ਖੇਤਰ ਵਿਚ ਅਸਥਾਈ ਪਨਾਹਗਾਹਾਂ ਅਤੇ ਖਾਣੇ ਦੇ ਪ੍ਰਬੰਧ ਆਦਿ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਅਤੇ ਜਦੋਂ ਕਿ ਮਿਤੀ 01/04/2020 ਦੇ ਹੁਕਮ ਸੰਖਿਆ ਡੀ.ਡੀ.ਐਮ.ਏ./ਕੋਵਿਡ/2020/1/13 ਰਾਹੀਂ ਕੋਵਿਡ-19 ਹੈਲਪਲਾਈਨ ਜਿਸ ਦਾ ਨੰਬਰ 1031 ਹੈ ਨੂੰ ਭੋਜਨ/ਭੁੱਖ ਰਾਹਤ ਕੇਂਦਰਾਂ ਅਤੇ ਸਹੀ ਮੁੱਲ ਦੀਆਂ ਦੁਕਾਨਾਂ/ਰਾਸ਼ਨ ਦੀਆਂ ਦੁਕਾਨਾਂ/ ਜਨਤਕ ਵੰਡ ਦੁਕਾਨਾਂ ਦੀ ਜਾਣਕਾਰੀ ਦੇ ਨਾਲ-ਨਾਲ ਦਿੱਲੀ ਦੇ ਲੋਕਾਂ ਦੀ ਹੋਰ ਸਹਾਇਤਾ ਲਈ ਵੀ ਸਥਾਪਿਤ ਕੀਤਾ ਗਿਆ ਹੈ।

ਅਤੇ ਜਦੋਂ ਕਿ ਮਿਤੀ 02/04/2020 ਦੇ ਹੁਕਮ ਸੰਖਿਆ ਡੀ.ਡੀ.ਐਮ.ਏ./ਕੋਵਿਡ/2020/1/14 ਰਾਹੀਂ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦੇ ਅਜਿਹੇ ਸਰਕਾਰੀ ਸਕੂਲਾਂ ਵਿਚ ਵਾਧੂ ਭੁੱਖ ਰਾਹਤ ਕੇਂਦਰ ਚਾਲੂ ਕੀਤੇ ਗਏ ਹਨ ਜਿੱਥੇ ਸੰਬੰਧਤ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਡਿਪਟੀ ਪੁਲਿਸ ਕਮਿਸ਼ਨਰ ਦੇ ਸੰਯੁਕਤ ਮੁਲਾਂਕਣ ਅਨੁਸਾਰ, ਅਜਿਹੇ ਕੇਂਦਰ ਖੋਲ੍ਹਣ ਦੀ ਲੋੜ ਹੈ।

ਅਤੇ ਜਦੋਂ ਕਿ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਜ਼ਮੀਨੀ ਪੱਧਰ 'ਤੇ ਇਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਹੋਰ ਜ਼ਰੂਰਤ ਹੈ ਤਾਂ ਕਿ ਭੁੱਖ ਮੁਕਤ ਦਿੱਲੀ ਦਾ ਟੀਚਾ ਹਰ ਕੀਮਤ 'ਤੇ ਪ੍ਰਾਪਤ ਕੀਤਾ ਜਾ ਸਕੇ ਅਤੇ ਇੱਕ ਵੀ ਰੂਹ ਭੁੱਖੀ ਨਾ ਰਹੇ।

ਹੁਣ, ਇਸ ਲਈ, ਗ੍ਰਹਿ ਮੰਤਰਾਲੇ ਦੇ ਉਪਰ ਦਿੱਤੇ ਹੁਕਮਾਂ ਦੇ ਨਿਰਦੇਸ਼ਾਂ ਤਹਿਤ ਅਤੇ ਆਫਤ ਪ੍ਰਬੰਧਨ ਐਕਟ, 2005 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਅਤੇ ਉੱਤੇ ਦਿੱਤੇ ਹੁਕਮਾਂ ਦੀ ਲਗਾਤਾਰਤਾ ਵਿਚ, ਨਿਮਨ-ਹਸਤਾਖਰੀ ਵੱਲੋਂ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀ ਰਾਜ ਕਾਰਜਕਾਰੀ ਕਮੇਟੀ ਦੇ ਚੇਅਰਪਰਸਨ ਵਜੋਂ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਉਨ੍ਹਾਂ ਦੇ ਹਮਰੁਤਬਾ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ ਰੋਜ਼ਾਨਾ ਆਧਾਰ 'ਤੇ ਭੋਜਨ ਦੀ ਵੰਡ ਨਾਲ ਜੁੜੇ ਸਾਰੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨਗੇ ਅਤੇ ਇਸ ਨਾਲ ਸੰਬੰਧਤ ਕਿਸੇ ਵੀ ਮੁਸ਼ਕਿਲ ਨੂੰ ਸਭ ਤੋਂ ਵੱਧ ਤਰਜੀਹ ਦੇ ਅਧਾਰ 'ਤੇ ਹੱਲ ਕਰਨਗੇ। ਅੱਗੇ, ਨਿਰਧਾਰਤ ਨਿਯਮਾਂ ਅਤੇ ਗੁਣਾਂ ਅਨੁਸਾਰ ਖਾਣੇ ਦੀ ਨਿਰਵਿਘਨ ਅਤੇ ਕੁਸ਼ਲ ਵੰਡ ਨੂੰ ਯਕੀਨੀ ਬਣਾਉਣ ਲਈ, ਹਰ ਜ਼ਿਲ੍ਹੇ ਵਿਚ ਦਿੱਲੀ ਪੁਲਿਸ ਦਾ ਇਕ ਨੋਡਲ ਅਫ਼ਸਰ ਨਿਯੁਕਤ ਕੀਤਾ ਜਾਵੇਗਾ ਜੋ ਏ.ਸੀ.ਪੀ. ਰੈਂਕ ਤੋਂ ਘੱਟ ਦਾ ਨਾ ਹੋਵੇ। ਉਹ ਵੱਖ-ਵੱਖ ਪੁਲਿਸ ਹੈਲਪਲਾਈਨਾਂ/ਪੀ.ਸੀ.ਆਰ./ ਬੀਟ ਪੁਲਿਸ ਪ੍ਰਣਾਲੀ/ ਥਾਣਿਆਂ/ਚੌਕੀਆਂ/ ਵਿਸ਼ੇਸ਼ ਸ਼ਾਖਾਵਾਂ ਆਦਿ ਰਾਹੀਂ ਖਾਣਾ/ਅਸਥਾਈ ਪਨਾਹਗਾਹਾਂ ਆਦਿ ਸੰਬੰਧੀ ਪ੍ਰਾਪਤ ਕੀਤੀਆਂ ਬੇਨਤੀਆਂ/ਮੰਗਾਂ ਜਾਂ ਸ਼ਿਕਾਇਤਾਂ ਬਾਰੇ ਜਾਣਕਾਰੀ ਇਕੱਤਰ ਕਰੇਗਾ ਅਤੇ ਸੰਭਾਵਨਾ ਅਤੇ ਪਾਰਦਰਸ਼ਤਾ ਦੇ ਸਭ ਤੋਂ ਉੱਚੇ ਮਿਆਰਾਂ ਨੂੰ ਬਣਾਈ ਰੱਖਣ ਲਈ ਸੰਬੰਧਤ ਇਨਸੀਡੈਂਟ ਕਮਾਂਡਰਾਂ ਨਾਲ ਤਾਲਮੇਲ ਰੱਖੇਗਾ।

ਅੱਗੇ, ਅਣਸੁਲਝੀਆਂ ਮੰਗਾਂ/ਬੇਨਤੀਆਂ ਜਾਂ ਸ਼ਿਕਾਇਤਾਂ ਅਤੇ ਇਨ੍ਹਾਂ 'ਤੇ ਸੁਝਾਅ ਜ਼ਿਲ੍ਹਾ ਡੀ.ਡੀ.ਐਮ.ਏ. ਦੀਆਂ ਮੀਟਿੰਗਾਂ ਵਿਚ ਰੱਖੇ 'ਤੇ ਵਿਚਾਰੇ ਜਾਣਗੇ, ਸਾਂਝੇ ਤੌਰ 'ਤੇ ਨਿਪਟਾਏ ਜਾਣਗੇ ਅਤੇ ਇਨ੍ਹਾਂ ਮੀਟਿੰਗਾਂ ਦੀ ਕਾਰਗੁਜ਼ਾਰੀ ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੂੰ ਭੇਜੀ ਜਾਏਗੀ।

ਇਹ ਦੁਹਰਾਇਆ ਜਾਂਦਾ ਹੈ ਕਿ ਕੋਵਿਡ-19 ਦੇ ਮੱਦੇਨਜ਼ਰ ਸਮਾਜਿਕ ਦੂਰੀਆਂ ਨਾਲ ਸੰਬੰਧਤ ਪ੍ਰੋਟੋਕਾਲਾਂ ਅਤੇ ਲਾਗੂ ਹੋਣ ਵਾਲੇ ਹੋਰ ਉਪਾਵਾਂ ਦੀ ਇਨ੍ਹਾਂ ਕੇਂਦਰਾਂ ਵਿਚ ਭੋਜਨ ਵੰਡਣ/ਪਰੋਸਣ ਸਮੇਂ ਸਖਤੀ ਨਾਲ ਪਾਲਣਾ ਕੀਤੀ ਜਾਏਗੀ।

ਇਹ ਹੁਕਮ 10/04/2020 ਦੀ ਅੱਧੀ ਰਾਤ ਤੱਕ ਲਾਗੂ ਰਹਿਣਗੇ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਨੱਥੀ : ਉੱਤੇ ਦਿੱਤੇ ਅਨੁਸਾਰ

ਸੇਵਾ ਵਿਖੇ,

1. ਪੁਲਿਸ ਕਮਿਸ਼ਨਰ, ਦਿੱਲੀ।
2. ਸਾਰੇ ਜ਼ਿਲ੍ਹਾ ਮਜਿਸਟ੍ਰੇਟ, ਦਿੱਲੀ।
3. ਸਾਰੇ ਜ਼ਿਲ੍ਹਾਂ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ।

ਜਾਣਕਾਰੀ ਲਈ ਨਕਲ:

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।
2. ਮਾਣਯੋਗ ਮੁੱਖਮੰਤਰੀ, ਦਿੱਲੀ ਦੇ ਵਧੀਕ ਸਕੱਤਰ।
3. ਮਾਣਯੋਗ ਉਪ-ਮੁੱਖਮੰਤਰੀ/ ਵਿੱਤ ਮੰਤਰੀ, ਦਿੱਲੀ ਦੇ ਸਕੱਤਰ।
4. ਪ੍ਰਮੁੱਖ ਸਕੱਤਰ, ਸ਼ਹਿਰੀ ਵਿਕਾਸ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
5. ਰਾਜ ਕਾਰਜਕਾਰੀ ਕਮੇਟੀ, ਡੀ.ਡੀ.ਐਮ.ਏ. ਦੇ ਸਾਰੇ ਮੈਂਬਰ।
6. ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਨੂੰ ਵਿਆਪਕ ਪ੍ਰਚਾਰ ਲਈ।
7. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।